



ਉਮੰਗਦੀਪ ਕੌਰ ਪੁਰਬਾ - ਏਕਮਜੋਤ ਸਿੰਘ ਪੁਰਬਾ


ਸਿਮਰਜੋਤ ਸਿੰਘ ਪੁਰਬਾ


ਏਕਮਪ੍ਰੀਤ ਸਿੰਘ ਗੋਨਿਆਣਾ

# ਬੱਚਿਆਂ ਦੀਆਂ ਛੁੱਟੀਆਂ ਤੇ ਨਾਨਕਾ ਘਰ

**ਗੁਰਦਰਸ਼ਨ ਸਿੰਘ ਮਾਵੀ**


ਸਕੂਲਾਂ ਵਿਚ ਛੁਟੀਆਂ ਹੋਣ ਦਾ ਚਾਅ ਛੋਟੇ ਬੱਚਿਆਂ ਨੂੰ ਬਹੁਤ ਹੁੰਦਾ ਹੈ। ਪੇਪਰ ਖਤਮ ਹੋਣ ਤੋਂ ਮਗਰੋਂ ਸਾਰੇ ਸਕੂਲਾਂ ਵਿਚ ਪੰਦਰਾਂ ਵੀਹ ਦਿਨ ਪੜ੍ਹਾਈ ਨਹੀਂ ਹੁੰਦੀ ਤੇ ਵਿਦਿਆਰਥੀਆਂ ਨੂੰ ਨਤੀਜਾ ਆਉਣ ਤੱਕ ਛੁੱਟੀਆਂ ਹੁੰਦੀਆਂ ਹਨ। ਇਨ੍ਹਾਂ ਛੁੱਟੀਆਂ ਵਿਚ ਬੱਚੇ ਨਾਨਕੇ ਘਰ, ਮਾਸੀ ਕੋਲ ਜਾਂ ਹੋਰ ਕਿਸੇ ਰਿਸ਼ਤੇਦਾਰ ਕੋਲ ਮਿਲਣ ਜਾਣ ਲਈ ਬੇਤਾਬ ਹੁੰਦੇ ਹਨ। ਇਸ ਤੋਂ ਬਾਅਦ ਗਰਮੀਆਂ ਦੀਆਂ ਛੁੱਟੀਆਂ ਵਿਚ ਤਾਂ ਜ਼ਰੂਰ ਹੀ ਬੱਚੇ ਨਾਨਕੇ ਘਰ ਜਾਂਦੇ ਹਨ। ਬੱਚਿਆਂ ਦੀਆਂ ਮਾਵਾਂ ਨੂੰ ਵੀ ਆਪਣੇ ਪੇਕੇ ਘਰ ਚਾਰ ਦਿਨ ਰਹਿਣ ਦਾ ਬਹਾਨਾ ਮਿਲ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਛੁੱਟੀਆਂ ਦੌਰਾਨ ਨਾਨਕੇ ਘਰ ਮੇਲੇ ਵਰਗਾ ਮਾਹੌਲ ਹੁੰਦਾ ਸੀ ਜਦੋਂ ਤਿੰਨ ਚਾਰ ਮਾਸੀਆਂ ਆਪੋ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਆ ਡੇਰੇ ਲਾਉਂਦੀਆਂ। ਨਾਨਕੇ ਘਰ ਵੀ ਉਹਨਾਂ ਦੀ ਉਡੀਕ ਪਹਿਲਾਂ ਤੋਂ ਹੀ ਹੁੰਦੀ ਜਿਸ ਵਾਸਤੇ ਨਾਨੀ, ਮਾਮੇ ਮਾਮੀਆਂ ਨੂੰ ਹਦਾਇਤਾਂ ਕਰਦੀ ਰਹਿੰਦੀ। ਮਾਸੀਆਂ ਆਪਣੇ ਬੇਬੇ ਨਾਲ ਦੁਖ ਸੁਖ ਕਰ ਲੈਂਦੀਆਂ ਤੇ ਨਿਆਣੇ ਮਾਮਿਆਂ ਨਾਲ ਪਰਚੇ ਰਹਿੰਦੇ। ਨਾਨਕੀ ਆ ਕੇ ਛੋਟੇ ਨਿਆਣੇ ਖੂਬ ਭੜਥੂ ਪਾਉਂਦੇ, ਇਕ ਦੂਜੇ ਦਾ ਕੁੱਟ ਕੁਟਾਪਾ ਕਰੀ ਰੱਖਦੇ, ਗਲੀਆਂ ਵਿਚ ਤੇ ਸ਼ਰੀਕੇ ਦੇ ਘਰਾਂ ਵਿਚ ਜਾ ਵੜਦੇ, ਉਥੇ ਹੀ ਖੇਡਣ ਲੱਗ ਜਾਂਦੇ, ਖਾ ਪੀ ਛੱਡਦੇ, ਸੌਂ ਲਿਆ ਤੇ ਫਿਰ ਦੁੜੰਗੇ ਮਾਰਦੇ ਘਰ ਆ ਵੜੇ। ਇਥੇ ਆ ਕੇ ਪੂਰੀ ਆਜ਼ਾਦੀ ਹੁੰਦੀ ਕਿ ਜਦੋਂ ਮਰਜੀ ਬਿਸਤਰੇ ਵਿਚੋਂ ਉਠੋ, ਜਦੋਂ ਮਰਜ਼ੀ ਨਹਾਓ ਧੋਵੋ, ਜਦੋਂ ਮਰਜ਼ੀ ਖਾਓ ਪੀਓ, ਜਿਸ ਘਰ ਮਰਜ਼ੀ ਖੇਡ ਆਓ। ਸਾਰਾ ਪਿੰਡ ਹੀ ਆਪਣਾ ਲੱਗਦਾ ਤੇ ਗਲੀ ਗੁਆਂਢ ਵੀ ਬੱਚਿਆਂ ਨੂੰ ਵੇਖ ਕੇ ਖੁਸ਼ ਹੁੰਦੇ, ਉਹਨਾਂ ਨੂੰ ਖੁਆਉਂਦੇ ਪਿਆਉਂਦੇ, ਖੇਡਣ ਤੋਂ ਮਨ੍ਹਾਂ ਨਾ ਕਰਦੇ। ਸਵੇਰੇ ਮਾਮੇ ਨਾਲ ਗੱਡੇ ਤੇ ਖੇਤਾਂ ਨੂੰ ਜਾਣਾ, ਬਰਸੀਮ ਵੱਢਣੀ ਤੇ ਹੋਰ ਨਿੱਕੇ-ਮੋਟੇ ਕੰਮ ਕਰਨੇ ਖੂਹ ਜਾਂ ਟਿਊਬਵੈਲ 'ਤੇ ਨਹਾਉਣਾ, ਸਬਜ਼ੀ ਵਾਲੀ ਕਿਆਰੀ ਨੂੰ ਪਾਣੀ ਲਾਉਣਾ, ਬਾਦਸ਼ਾਹਾਂ ਵਾਂਗ ਖੇਤਾਂ ਵਿਚ ਆਕੜ ਕੇ ਤੁਰਨਾ ਬੱਸ ਉਦੋਂ ਰੱਬ ਯਾਦ ਨਹੀਂ ਸੀ ਹੁੰਦਾ। ਮਾਮੇ ਨਾਲ ਆਪਣੇ ਖੇਤਾਂ ਦੀਆਂ, ਰੁੱਖਾਂ ਦੀਆਂ, ਭੂਤਾਂ ਦੀਆਂ, ਚੁੜੇਲਾਂ ਵਾਲੇ ਖੂਹ ਦੀਆਂ, ਵਾਵਰੋਲੇ ਵਿਚੋਂ ਜੁੱਤੀ ਮਾਰ ਕੇ ਪੈਸੇ ਝਾੜਨ ਬਾਰੇ ਤੇ ਹੋਰ ਕਈ ਤਰ੍ਹਾਂ ਦੀਆਂ ਪਰੀ-ਕਹਾਣੀਆਂ ਗੱਡੇ ਤੇ ਬੈਠੇ ਕਰਦੇ ਜਾਣਾ। ਮਾਮੇ ਨੇ ਵੀ ਕਦੇ ਹੌਸਲਾ ਬੰਨ੍ਹਾਉਣ ਲਈ ਤੇ ਕਦੇ ਡਰਾਉਣ ਲਈ ਅਜੀਬ ਗੱਲਾਂ, ਕਹਾਣੀਆਂ ਸੁਣਾਉਣੀਆਂ। ਨਾਨੀ ਦਾ ਸੰਦੂਕ ਵੇਖਣ ਦਾ ਚਾਅ, ਉਸ ਵਿਚੋਂ ਕੱਢੀਆਂ ਸੁਹਣੀਆਂ ਪੱਖੀਆਂ, ਸਿਰਹਾਣੇ, ਚਾਦਰਾਂ, ਖੇਸੀਆਂ ਸਾਰੇ ਪਾਸੇ ਸੁਗੰਧੀ ਖਿਲਾਰ ਦੇਂਦੀਆਂ। ਹਰ ਰੋਜ਼ ਨਵੇਂ ਪਕਵਾਨ ਖਾਣ ਨੂੰ ਮਿਲਦੇ। ਕੜਾਹ, ਖੀਰ, ਸ਼ਕਰ ਘਿਓ, ਸੇਵੀਆਂ, ਜਲੇਬੀਆਂ ਬਹੁਤ ਸਵਾਦ ਲੱਗਦੇ। ਨਾਨਾ, ਨਾਨੀ ਨਾਲ ਰਾਤੀਂ ਸੌਣ ਲਈ ਦੂਜੇ ਭਰਾਵਾਂ ਨਾਲ ਲੜਨਾ, ਬਾਤਾਂ ਸੁਣਨੀਆਂ, ਬੁਝਾਰਤਾਂ ਬੁੱਝਣੀਆਂ, ਤਾਰਿਆਂ ਵਿਚੋਂ ਧਰੂ ਤਾਰਾ ਲੱਭਣਾ, ਰਾਕਟ ਦਿਸ ਪੈਣਾ ਤਾਂ ਅੰਤਾਂ ਦੀ ਖੁਸ਼ੀ ਵਿਚ ਰੌਲਾ ਪਾਉਣਾ। ਦਸ ਪੰਦਰਾਂ ਦਿਨ ਪਤਾ ਈ ਨਾ ਲੱਗਦਾ ਕਦੋਂ ਲੰਘ ਜਾਂਦੇ। ਜਾਣ ਦੀ ਤਿਆਰੀ ਵੇਲੇ ਪੈਰ ਭਾਰੇ ਭਾਰੇ ਲੱਗਦੇ, ਮਨ ਉਦਾਸ ਹੁੰਦਾ ਤੇ ਨਾਨੀ, ਨਾਨਾ ਫਿਰ ਆਉਣ ਲਈ ਮੁੜ ਮੁੜ ਕਹਿੰਦੇ। ਮਾਵਾਂ ਤੇ ਮਾਸੀਆਂ ਵੀ ਏਨੇ ਕੁ ਦਿਨ ਰਹਿ ਕੇ ਤਰੋਤਾਜ਼ਾ ਹੋ ਜਾਂਦੀਆਂ। ਦੋਹਾਂ ਧਿਰਾਂ ਦੇ ਚਿਹਰੇ ਸੰਤੁਸ਼ਟ, ਖੁਸ਼ ਤੇ ਖਿੜੇ ਖਿੜੇ ਲੱਗਦੇ। ਤੁਰਨ ਵੇਲੇ ਨਾਨਕੇ ਘਰੋਂ ਕਈ ਚੀਜ਼ਾਂ ਪਸੰਦ ਹੋਣ ਕਰਕੇ ਜ਼ੋਰ ਨਾਲ, ਮਾਣ ਨਾਲ ਜਾਂ ਅਧਿਕਾਰ ਨਾਲ ਲੈ ਆਉਣੀਆਂ। ਨਾਨੀ ਵੀ ਸਾਡੀ ਮਾਂ ਨੂੰ ਤੇ ਮਾਸੀਆਂ ਨੂੰ ਨਵੇਂ ਸੂਟ, ਖੇਸੀਆਂ, ਸਾਡੇ ਕੱਪੜੇ, ਸ਼ਕਰ, ਤੇਲ, ਚੌਲ, ਜੋ ਵੀ ਸਰਦਾ, ਪਿਆਰ ਨਾਲ ਸਭ ਨੂੰ ਬਰਾਬਰ ਦੇਂਦੀ। ਨਾਨਾ ਸਾਨੂੰ ਰਾਹ ਵਿਚ ਖਰਚਣ ਲਈ ਪੈਸੇ ਦਿੰਦਾ ਤੇ ਮਾਮਾ-ਮਾਮੀ ਸਾਨੂੰ ਬੱਸ ਅੱਡੇ ਤੋਂ ਬੱਸ ਚੜ੍ਹਾ ਕੇ ਮੁੜਦੇ। ਘਰ ਮੁੜ ਆਉਂਦੇ ਤਾਂ ਜੀਅ ਨਾ ਲੱਗਦਾ, ਨਾਨਕੇ ਪਿੰਡ ਦੇ ਸੁਪਨੇ ਆਉਂਦੇ ਰਹਿੰਦੇ, ਮਹੀਨਾ-ਮਹੀਨਾ ਨਾਨਕੇ ਪਿੰਡ ਦੀਆਂ ਗੱਲਾਂ ਨਾ ਮੁੱਕਦੀਆਂ, ਅਗਲੀ ਵਾਰ ਜਾਣ ਬਾਰੇ ਵਿਉਂਤਾਂ ਬਣਾਉਣ ਲੱਗਦੇ। ਸੋ ਨਾਨਕੇ ਘਰ ਫੇਰਾ ਪਾ ਕੇ ਰੱਜ ਆ ਜਾਂਦਾ, ਮਾਣ ਵੱਧ ਜਾਂਦਾ, ਦੁਨੀਆਂ ਚੰਗੀ ਲੱਗਦੀ ਤੇ ਅਸੀਂ ਮਾਣ ਕਰਕੇ ਫੁੱਲੇ ਨਾ ਸਮਾਉਂਦੇ।

ਹੁਣ ਦੀ ਨੱਠ ਭੱਜ ਵਾਲੀ ਜ਼ਿੰਦਗੀ ਨੇ ਨਾਨਕੇ ਘਰ ਦਾ ਹੁਲੀਆ ਹੀ ਬਦਲ ਕੇ ਰੱਖ ਦਿੱਤਾ ਹੈ। ਕਈ ਪਰਿਵਾਰ ਨੌਕਰੀ ਕਰਕੇ/ਬਿਜਨੈਸ ਕਰਕੇ ਜਾਂ ਬੱਚਿਆਂ ਦੀ ਪੜ੍ਹਾਈ ਕਰਵਾਉਣ ਲਈ ਸ਼ਹਿਰਾਂ ਵਿਚ ਤੰਗ ਜਿਹੇ ਘਰਾਂ ਵਿਚ ਰਹਿਣ ਲੱਗ ਪਏ ਹਨ। ਉਥੇ ਨਾ ਖੁਲ੍ਹੇ ਵਿਹੜੇ ਹਨ ਤੇ ਨਾ ਹੀ ਆਂਢ ਗੁਆਂਢ ਕੋਈ ਸਾਂਝ ਹੈ। ਪੜ੍ਹੇ ਲਿਖੇ ਮਾਮੇ-ਮਾਮੀਆਂ ਉਂਜ ਹੀ ਚੁਪ ਗੜੱਪ, ਸੁੱਤ ਅਨੀਂਦੇ ਤੇ ਖਿਝੇ ਖਿਝੇ ਰਹਿੰਦੇ ਹਨ। ਮਹਿੰਗਾਈ ਵੱਧਣ ਨਾਲ ਦਿਲ ਛੋਟੇ ਹੋ ਗਏ - ਭੈਣਾਂ ਭਾਣਜੇ ਬੋਝ ਲੱਗਦੇ ਹਨ। ਮਾਮੇ ਦੇ ਨਿਆਣੇ ਕੰਪੀਟੀਸ਼ਨ ਦੀ ਤਿਆਰੀ ਕਰ ਰਹੇ ਹਨ ਸੋ ਵਾਤਾਵਰਨ ਖਾਮੋਸ਼ ਰੱਖਣਾ ਜ਼ਰੂਰੀ ਹੈ। ਮਾਮੀਆਂ ਤਾਂ ਪਿੰਡ ਦੇ ਨਿਆਣਿਆਂ ਉਤੇ ਠਾਣੇਦਾਰ ਵਾਂਗ ਅੱਖ ਰੱਖਦੀਆਂ ਹਨ। ਇਕ ਥਾਂ ਬੈਠ ਕੇ ਗੱਪਾਂ ਮਾਰਨੀਆਂ, ਖੁਲ੍ਹ ਕੇ ਹੱਸਣਾ, ਇਕ ਦੂਜੇ ਦਾ ਦਰਦ ਫਰੋਲਣਾ ਅਸਭਿਅਤਾ ਦੀ ਨਿਸ਼ਾਨੀ ਹੈ। ਦੋ ਕੁ ਘੰਟੇ ਵਿਚ ਹੀ ਨਿਆਣਿਆਂ, ਸਿਆਣਿਆਂ ਦੇ ਚਾਅ-ਮਲ੍ਹਾਰ ਰਫੂ ਚੱਕਰ ਹੋ ਜਾਂਦੇ ਹਨ। ਨਾਨੀ ਵੀ ਮਾਮੇ ਦੀ ਮੁਹਤਾਜ਼ ਹੈ, ਲੁੱਕ ਲੁੱਕ ਰੋਂਦੀ, ਦੁੱਖ ਦੱਸਦੀ ਤੇ ਚੋਰੀ ਚੋਰੀ ਧੀ ਨੂੰ ਛੋਟੀਆਂ ਚੀਜ਼ਾਂ ਜਾਂ ਪੈਸੇ ਦਿੰਦੀ ਹੈ। ਨਾਨੀ ਦੀ ਸਰਦਾਰੀ ਇਥੇ ਨਹੀਂ ਚੱਲਦੀ, ਉਹ ਤਾਂ ਮਾਮੀ ਦੀ ਗੋਲੀ ਤੇ ਉਹਦੇ ਬੱਚਿਆਂ ਦੀ ਸੇਵਾਦਾਰ ਹੈ। ਨਾਨਾ ਆਪਣੀ ਥਾਂ ਝੁਰਦਾ ਹੋਇਆ ਬਹੁਤਾ ਟਾਇਮ ਗੁਰਦੁਆਰੇ ਹੀ ਰਹਿੰਦਾ ਹੈ। ਭੈਣਾਂ ਅੰਦਰੋਂ ਅੰਦਰੀ ਧੁਖਦੀਆਂ, ਭਾਈਆਂ ਨੂੰ ਮਿਲਣ ਲਈ ਤਰਸਦੀਆਂ ਹਨ ਪਰ ਭਾਈ ਤਾਂ ਭਰਜਾਈਆਂ ਦਾ ਐਸਾ ਗੁਲਾਮ ਬਣ ਚੁੱਕਾ ਹੈ ਕਿ ਤਾਂਗੇ ਦੇ ਘੋੜੇ ਵਾਂਗੂ, ਵਾਗਾਂ ਭਰਜਾਈ ਖਿੱਚੀ ਰੱਖਦੀ ਹੈ। ਭਰਾਵਾਂ ਨੂੰ ਮੂੰਹ ਮੋਟੇ, ਪਿਓ ਪੁੱਤ ਵੱਟੇ ਵੱਟੇ, ਅਜਿਹੇ ਘਰਾਂ ਵਿਚ ਕਿਥੇ ਮਨ ਖੁਸ਼ ਹੋਵੇ। ਅੱਜਕਲ੍ਹ ਬਹੁਤੇ ਮਾਪੇ ਨਿਆਣਿਆਂ ਨੂੰ ਨਾਨਕੇ ਘਰਾਂ ਦੀ ਥਾਂ, ਧਾਰਮਿਕ ਯਾਤਰਾ ਤੇ ਲੈ ਜਾਂਦੇ ਹਨ ਤਾਂ ਜੋ ਬੱਚਿਆਂ ਦਾ ਤੋਰਾ ਫੇਰਾ ਹੋ ਜਾਵੇ।

1571, ਸੈਕਟਰ 51-ਬੀ, ਚੰਡੀਗੜ੍ਹ, ਮੋ. 98148-51298

## ਪੁਸਤਕ ਰੀਵਿਊ




### ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ

ਲੇਖਕ - ਬੂਟਾ ਗੁਲਾਮੀ ਵਾਲਾ  ਪ੍ਰਕਾਸ਼ਨ - ਪੰਜ ਆਬ ਜਲੰਧਰ
ਮੁੱਲ - 100 ਰੁ. ਸਫ਼ੇ - 80  ਸੰਪਰਕ - 94171-97395

ਸਾਹਿਤ ਸਮਾਜਿਕ ਸ਼ਨਾਖਤ ਨੂੰ ਸਥਾਪਤ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਚੜ੍ਹਦਾ, ਲਹਿੰਦਾ ਪੰਜਾਬੀ ਸਮਾਜ ਖੁਸ਼ਕਿਸਮਤ ਹੈ ਕਿ ਇਸ ਨੂੰ ਵਿਰਾਸਤ ਉਚੇਰੀਆਂ ਕਦਰਾਂ-ਕੀਮਤਾਂ ਵਾਲੀ ਸਾਹਿਤਕ ਪਰੰਪਰਾ ਮਿਲੀ ਹੈ। ਵੱਖੋ-ਵੱਖਰੇ ਸਮਾਜਿਕ, ਧਾਰਮਿਕ ਅਤੇ ਦਾਰਸ਼ਨਿਕ ਪਿਛੋਕੜ ਵਾਲੇ ਪੰਜਾਬੀ ਸਾਹਿਤਕਾਰਾਂ ਨੇ ਇਸ ਸਾਂਝੀ ਪਰੰਪਰਾ ਨੂੰ ਸਿਰਜਨ ਵਿਚ ਯੋਗਦਾਨ ਪਾਇਆ ਹੈ। ਲੇਖਕ ਨੇ ਵੀ ਪਲੇਠੀ ਪੁਸਤਕ ਪਾਕਿਸਤਾਨ ਦਾ ਸਫ਼ਰਨਾਮਾ ਸਿਰਜ ਕੇ ਸਾਹਿਤ ਦੀ ਦਹਿਲੀਜ਼ ਤੇ ਕਦਮ ਟਿਕਾਇਆ ਹੈ। ਪਾਕਿਸਤਾਨ ਦੀ ਸਿਰਜਿਮੀ ਤੇ ਸਥਿਰ ਗੁਰਧਾਮਾਂ ਦੀ ਖਿਚ ਹਰ ਇਕ ਦਿਲ ਦੇ ਅੰਦਰ ਧੂਹ ਪਾਉਂਦੀ ਹੈ।


ਲਕੀਰਾਂ ਦੇ ਬਾਵਜੂਦ ਵੀ ਬੇਸ਼ੱਕ ਸਰਕਾਰਾਂ ਦਾ ਅੰਦਰੂਨੀ ਲਗਾਵ ਬੇਤਾਬ ਨਹੀਂ ਉਪਰੰਤ ਅਵਾਮ ਦੇ ਨਸੂਰ ਜਿਹੇ ਰਿਸ਼ਤਿਆਂ 'ਚ ਪਿਆਰ ਦੀ ਆਸ਼ਾ ਝਲਕਦੀ ਹੈ। ਲਕੀਰਾਂ ਦੀ ਵੰਡ ਨਾਲ ਅਲੱਗ ਹੋਏ ਗੁਰਧਾਮਾਂ ਦੀ ਖਿੱਚ ਦਿਲ ਨੂੰ ਅਲੌਕਿਕ ਧੂਹ ਪਾਉਂਦੀ ਹੈ। ਮਹਾਨ ਕ੍ਰਾਂਤੀਕਾਰੀ ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਿ ਤੋਂ ਅੰਤ ਤੱਕ ਸਮੇਂ ਦੇ ਪਵਿੱਤਰ ਸਥਾਨ ਪਾਕਿਸਤਾਨ ਵਿਚ ਸਥਿਰ ਹਨ। ਲੇਖਕ ਦੀ ਪੁਸਤਕ ਸਰਹੱਦਾਂ ਤੋਂ ਪਾਰ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਵਾ ਕੇ ਅੱਛਾ ਨਾਮਨਾ ਖੱਟਦੀ ਹੈ। ਭੂਗੋਲਿਕ ਤੌਰ ਤੇ ਜੁੜੇ ਸਫ਼ਰਨਾਮੇ ਵਿਚ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ), ਸ੍ਰੀ ਨਨਕਾਣਾ ਸਾਹਿਬ, ਗੁ. ਕਿਆਰਾ ਸਾਹਿਬ, ਸੱਚਾ ਸੌਦਾ, ਗੁ. ਡੇਅਰਾ ਸਾਹਿਬ (ਲਾਹੌਰ), ਗੁ. ਸ੍ਰੀ ਗੁਰੂ ਰਾਮਦਾਸ ਲਾਹੌਰ, ਗੁ. ਕਰਤਾਰਪੁਰ ਸਾਹਿਬ, ਰੋੜੀ ਸਾਹਿਬ ਐਮਨਾਬਾਦ, ਪੱਟੀ ਸਾਹਿਬ, ਪਵਿੱਤਰ ਸਥਾਨਾਂ ਦਾ ਸੰਖੇਪ ਵਰਨਣ ਕੀਤਾ ਗਿਆ ਹੈ।

ਲੇਖਕ ਨੇ ਬਹੁਤ ਹੀ ਬਾਰੀਕੀ ਤਰੀਕੇ ਨਾਲ ਪਾਕਿਸਤਾਨ ਦੀ ਆਰਥਿਕ ਸਥਿਤੀ ਤੋਂ ਜਾਣੂੰ ਕਰਵਾ ਕੇ ਹਰ ਪਹਿਲੂ ਤੇ ਚਾਨਣਾ ਪਾਇਆ ਹੈ। ਜਿੱਥੇ 50 ਸਾਲ ਪੱਛੜੇ ਹੋਣ ਦਾ ਬਿਰਤਾਂਤ ਕੀਤਾ ਹੈ। ਉਥੇ ਹਰ ਜਾਤੀ ਦੀ ਪਰਿਵਾਰਕ ਸਾਂਝ, ਕਲਚਰ ਤੇ ਸਫ਼ਰ ਦੇ ਸੁਖਦਾਈ ਹਸੀਨ ਪਲਾਂ ਦੇ ਨਾਲ, ਪ੍ਰਸਾਸ਼ਨ ਦੀ ਤਨਦੇਹੀ ਕਾਬਲੇ ਤਾਰੀਫ ਨਾਲ ਨਿਭਾਈ ਜ਼ਿੰਮੇਵਾਰੀ ਦਾ ਖਾਸ ਜ਼ਿਕਰ ਕੀਤਾ ਹੈ। ਹੱਦਾਂ ਸਰਹੱਦਾਂ ਤੋਂ ਪਾਰ ਅਵਾਮ ਦਾ ਪਿਆਰ ਅਲੌਕਿਕ ਦ੍ਰਿਸ਼ ਪੈਦਾ ਕਰਦਾ ਹੈ। ਰਾਜਨੀਤਿਕ ਹਿੱਤਾਂ ਨੂੰ ਉਲਾਂਭੇ ਰੱਖ ਕੇ ਸਾਰਥਕ ਹੱਲ ਕੱਢਣਾ ਚਾਹੀਦਾ ਹੈ ਤਾਂ ਕਿ ਲੋਕ ਖੁਦਾ ਰੂਪੀ ਨੂਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਸਪਰਸ਼ ਧਰਤੀ ਤੇ ਪਵਿੱਤਰ ਗੁਰੂਧਾਮਾਂ ਦੇ ਦਰਸ਼ਨ ਆਸਾਨੀ ਨਾਲ ਕਰ ਸਕਣ। ਇਹ ਪੁਸਤਕ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ ਰਾਹ ਦਸੇਰਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਸਾਰਥਿਕ ਸਿੱਧ ਹੋਵੇਗੀ।

ਗੁਰਦੀਪ ਸਿੰਘ ਚੀਮਾ (ਯੂ ਐਨ.ਓ.), ਧਰਮਕੋਟ, ਮੋਗਾ। ਮੋ. 98728-32802
gurdeepcheema802@gmail.com

### 'ਕਣੀਆਂ' ਕਾਵਿ-ਸੰਗ੍ਰਹਿ ਦੀਆਂ ਨਜ਼ਮਾਂ ਨਾਲ ਸਾਂਝ: ਸੁਖਵਿੰਦਰ ਅੰਮ੍ਰਿਤ

ਮੁੱਲ: 100 ਰੁ., ਸਫ਼ੇ: 80
ਸੰਪਰਕ: 98154-71219




[illegible]

